# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 28-11-2024**

DAP ਖਾਦ ਦੀ ਤੇਜ਼ੀ ਨਾਲ ਸਪਲਾਈ ਨੂੰ ਯਕੀਨੀ ਬਣਾਉਣ ਤੇ ਸਥਾਨਕ ਉਪਲਬਧਤਾ ਦੇ ਮੁੱਦਿਆਂ ਨੂੰ ਹੱਲ ਕਰਨ ਲਈ ਕੇਂਦਰ ਸਰਕਾਰ ਸਾਰੇ ਜ਼ਰੂਰੀ ਕਦਮ ਚੁੱਕ ਰਹੀ ਏ । ਇਕ ਬਿਆਨ ਵਿਚ, ਰਸਾਇਣ ਤੇ ਖਾਦ ਮੰਤਰਾਲੇ ਨੇ ਕਿਹਾ ਏ ਕਿ ਵਖ ਵਖ ਸੂਬਾ ਸਰਕਾਰਾਂ, ਰੇਲਵੇ ਤੇ ਖਾਦ ਕੰਪਨੀਆਂ ਨਾਲ ਤਾਲਮੇਲ ਕੀਤਾ ਜਾ ਰਿਹਾ ਏ । ਆਲਮੀ ਚੁਣੌਤੀਆਂ ਦੇ ਬਾਵਜੂਦ, ਹਾੜੀ ਦੇ 2 ਹਜਾਰ 24-25 ਦੇ ਸੀਜ਼ਨ ਦੌਰਾਨ ਪਿਛਲੇ ਅਕਤੂਬਰ ਤੇ ਜਾਰੀ ਨਵੰਬਰ ਮਹੀਨੇ ਦੌਰਾਨ ਬੰਦਰਗਾਹਾਂ ਨੂੰ 17 ਲੱਖ ਟਨ ਤੋਂ ਵੱਧ ਡੀ.ਏ.ਪੀ ਮੁਹਈਆ ਕਰਵਾਈ ਗਈ ਤੇ ਸੂਬਿਆਂ ਵਿਚ ਵੰਡੀ ਗਈ ਏ। ਏਸ ਤੋਂ ਇਲਾਵਾ, ਸੂਬਿਆਂ ਨੂੰ ਲਗਭਗ 6.5 ਲੱਖ ਟਨ

ਘਰੇਲੂ ਉਤਪਾਦਨ ਮੁਹਈਆ ਕਰਵਾਇਆ ਗਿਆ ਏ।-

------------------------------------------------------------

55ਵਾਂ ਭਾਰਤੀ ਅੰਤਰ-ਰਾਸ਼ਟਰੀ ਫਿਲਮ ਉਤਸਵ ਦਾ ਅਜ ਆਖ਼ਰੀ ਦਿਨ ਏ।ਸਮਾਗਮ ਦੀ ਸਮਾਪਤੀ ਅੱਜ ਸ਼ਾਮ ਹੋ ਰਹੀ ਏ। ਦਿਨ ਦੀ ਸ਼ੁਰੂਆਤ ਫ਼ਿਲਮਸਾਜ਼ ਰਮੇਸ਼ ਸਿੱਪੀ ਵੱਲੋਂ ਨੌਜਵਾਨ ਅਤੇ ਸਿਨੇਮਾ: ਰਚਨਾਤਮਕ ਭਵਿੱਖ ਲਈ ਖਹਿਸ਼ਾਂ ਦੇ ਸ਼ਕਤੀਕਰਨ ਸਿਰਲੇਖ ਹੇਠ ਕਰਵਾਏ ਜਾਣ ਵਾਲੇ ਸੈਸ਼ਨ ਨੂੰ ਸੰਬੋਧਨ ਕਰਨ ਨਾਲ ਹੋਵੇਗੀ। ਬਾਅਦ ਵਿਚ, ਸ੍ਰੀ **ਸਿੱਪੀ ਮੋਹਿਤ ਸੋਨੀ ਨਾਲ ਪੈਸ਼ਨ ਫਾਰ ਪਰਫੈਕਸ਼ਨ: ਰਮੇਸ਼ ਸਿੱਪੀ ਦੀ ਫਿਲਾਸਫੀ ਵਿਸ਼ੇ** 'ਤੇ ਗੱਲਬਾਤ ਕਰਨਗੇ

------------------------------------------------------------

ਖਰੜ ਤੋਂ ਚੰਡੀਗੜ੍ਹ ਤੇ ਦਿੱਲੀ ਵੱਲ ਜਾਣ ਵਾਲੀਆਂ ਸੜਕਾਂ ਉਤੇ ਅਤੇ ਖਰੜ ਬਸ ਅੱਡੇ ਉਤੇ ਹਰ ਰੋਜ਼ ਲਗ ਰਹੇ ਟਰੈਫਿਕ ਜਾਮ ਕਾਰਨ ਸਥਾਨਕ ਲੋਕਾਂ ਤੇ ਵਪਾਰੀਆਂ ਨੇ ਰੋਸ ਪ੍ਰਗਟਾਇਆ ਏ। ਰੋਸ ਮੁਜਾਹਰੇ ਦੀ ਅਗਵਾਈ ਕਰਦੇ ਹੋਏ ਅਸ਼ੋਕ ਸ਼ਰਮਾ ਤੇ ਕੁਲਵੰਤ ਸਿੰਘ ਤ੍ਰਿਪੜੀ ਨੇ ਦਸਿਆ ਕਿ ਖਰੜ ਸ਼ਹਿਰ ਵਿਚ ਆਵਾਜਾਈ ਕਾਬੂ ਹੇਠ ਨਾ ਹੋਣ ਕਾਰਨ

ਹਰ ਪਾਸੇ ਟਰੈਫਿਕ ਜਾਮ ਲਗ ਰਹੇ ਨੇ ਜਦਕਿ ਆਟੋ ਰਿਕਸ਼ਾ, ਓਵਰਲੋਡ ਵਾਹਨਾਂ, ਇੱਟਾਂ ਦੀ ਢੋਆ- ਢੋਆਈ ਕਰਨ ਵਾਲੇ ਟਰੈਕਟਰ- ਟਰਾਲੀਆਂ ਦੇ ਚਾਲਕ ਸਭ ਦੇ ਸਾਹਮਣੇ ਟ੍ਰੈਫਿਕ ਨਿਯਮਾਂ ਦੀਆਂ ਧੱਜੀਆਂ ਉਡਾਉਂਦੇ ਨੇ ਪਰ ਕੋਈ ਰੋਕਦਾ ਨਹੀਂ ਏ।

-----------------------------------------------------

ਓਧਰ, ਏਸ ਮਾਮਲੇ ਬਾਰੇ ਟ੍ਰੈਫਿਕ ਪੁਲਿਸ ਖਰੜ ਦੇ ਇੰਚਾਰਜ ਓਮਵੀਰ ਸਿੰਘ ਨੇ ਕਿਹਾ ਏ ਕਿ ਟ੍ਰੈਫਿਕ ਪੁਲਿਸ ਖਰੜ ਕੋਲ ਸਿਰਫ਼ 10 ਮੁਲਾਜ਼ਮ ਨੇ, ਜਿਨ੍ਹਾਂ 'ਚੋਂ 2-2 ਮੁਲਾਜ਼ਮ ਨਿੱਝਰ ਚੌਂਕ, ਕੇ. ਐੱਫ. ਸੀ., ਬੱਸ ਅੱਡਾ ਵਿਚ ਤਾਇਨਾਤ ਨੇ ਅਤੇ ਬਾਕੀ ਮੁਲਾਜ਼ਮ ਚਲਾਨ ਕੱਟਣ 'ਤੇ ਤਾਇਨਾਤ ਹਨ। ਸ਼ਹਿਰ ਵਿਚ ਕਿਤੇ ਵੀ ਕੋਈ ਜਾਮ ਨਾ ਲੱਗੇ, ਇਸ ਲਈ ਯਤਨ ਜਾਰੀ ਨੇ।

-----------------------------------------------------

ਮੋਹਾਲੀ ਦੇ ਵਧੀਕ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਜ਼ਿਲ੍ਹੇ ਵਿਚਲੇ ਸ਼ਹਿਰੀ ਇਲਾਕਿਆਂ ਵਿਚ ਚੱਲ ਰਹੇ ਵਿਕਾਸ ਕੰਮਾਂ ਦੀ ਪੜਚੋਲ ਕੀਤੀ

ਏ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਸਮੀਖਿਆ ਮੀਟਿੰਗ ਦੌਰਾਨ **ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ** ਕਿ ਜ਼ਿਲ੍ਹੇ ਵਿੱਚ ਵੱਖੋ-ਵੱਖ ਥਾਈਂ ਸੀਵਰੇਜ ਟ੍ਰੀਟਮੈਂਟ ਪਲਾਂਟ ਲਾਉਣ ਦੀ ਪ੍ਰਕਿਰਿਆ ਜਾਰੀ ਏ। ਉਨਾਂ ਕਿਹਾ ਕਿ ਇਨਾਂ ਪ੍ਰਾਜੈਕਟਾਂ ਦੇ ਮੁਕੰਮਲ ਹੋਣ ਨਾਲ ਨਾ-ਸਿਰਫ਼ ਸੀਵਰੇਜ ਦੇ ਪਾਣੀ ਦਾ ਢੁਕਵਾਂ ਪ੍ਰਬੰਧ ਹੋਵੇਗਾ ਸਗੋਂ ਟ੍ਰੀਟ ਕੀਤਾ ਗਿਆ ਪਾਣੀ ਵੱਖੋ-ਵੱਖ ਥਾਂ ਤੇ ਸਿੰਜਾਈ ਤੇ ਹੋਰਨਾਂ ਕਾਰਜਾਂ ਜਿਵੇਂ ਕਿ ਉਸਾਰੀ ਆਦਿ ਲਈ ਵਰਤਿਆ ਜਾ ਸਕੇਗਾ। ਉਨਾਂ ਨੇ ਜ਼ਿਲ੍ਹੇ ਵਿਚ **ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ** ਤਹਿਤ ਲਾਭਪਾਤਰੀਆਂ ਦੇ ਈ-ਕਾਰਡ ਬਣਾਉਣ ਦੇ ਕੰਮ ਵਿਚ ਤੇਜ਼ੀ ਲਿਆਉਣ ਲਈ ਵੀ ਹਦਾਇਤ ਕੀਤੀ ।

---------------------------------------------------------------

ਜ਼ਿਲ੍ਹਾ ਸਿਖਿਆ ਵਿਭਾਗ ਦੇ ਸਹਿਯੋਗ ਨਾਲ ਬਠਿੰਡਾ ਦੇ ਵੱਖ-ਵੱਖ ਸਕੂਲਾਂ ਵਿਚ ਮਾਸ ਕੌਂਸਲਿੰਗ ਤਹਿਤ ਸੈਮੀਨਾਰ ਕੀਤੇ ਜਾ ਰਹੇ ਨੇ। ਇਸ ਬਾਰੇ ਡਿਪਟੀ ਡਾਇਰੈਕਟਰ ਪਰਮਿੰਦਰ ਕੌਰ ਨੇ ਦੱਸਿਐ ਕਿ ਏਸ ਪ੍ਰੋਗਰਾਮ ਅਧੀਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੌੜਮੰਡੀ, ਭੁੱਚੋ

ਮੰਡੀ, ਤਲਵੰਡੀਸਾਬੋ, ਘੁੱਦਾ, ਕਾਲਝਰਾਣੀ, ਰਾਮਨਗਰ, ਮਾਈਸਰਖਾਨਾ ਭਗਤਾਭਾਈਕਾ ਪਿੰਡਾਂ ਦੇ ਸਕੂਲਾਂ ਵਿਚ ਵਿਦਿਆਰਥੀਆਂ ਨੂੰਦਸਵੀਂ, ਬਾਰਵੀਂ ਤੋਂ ਬਾਅਦ ਚੁਣੇ ਜਾਣ ਵਾਲੇ ਕੋਰਸਾਂ ਸਬੰਧੀ ਜਾਣਕਾਰੀ ਮੁਹੱਈਆ ਕਰਵਾਈ ਜਾ ਰਹੀ ਏ। ਸੈਮੀਨਾਰਾਂ ਦੌਰਾਨ ਸਿੱਖਿਆ ਵਿਭਾਗ ਤੋਂ ਗਾਈਡੈਂਸ ਕੌਸ਼ਲਰ ਰਾਜਵੀਰ ਔਲਖ ਨੇ ਸਿੱਖਿਆ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਦੀ ਜਾਣਕਾਰੀ ਸਾਂਝੀ ਕੀਤੀ ਏ। ਰੋਜਗਾਰ ਅਫ਼ਸਰ ਅੰਕਿਤਾ ਅਗਰਵਾਲ ਨੇ ਪਲੇਸਮੈਂਟ ਕੈਂਪ, ਸਵੈ-ਰੋਜਗਾਰ ਕੈਂਪ, ਰਜਿਸਟ੍ਰੇਸ਼ਨ ਆਦਿ ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਪ੍ਰਬੰਧਕੀ ਸ਼ਾਖਾ ਤੋਂ ਬਲਤੇਜ ਸਿੰਘ ਨੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਸਰਕਾਰੀ ਨੌਕਰੀਆਂ ਲਈ ਲਏ ਜਾਂਦੇ ਵੱਖ-ਵੱਖ ਟੈਸਟਾਂ ਬਾਰੇ ਗਾਈਡੈਂਸ ਮੁਹੱਈਆ ਕਰਵਾਈ ਏ।

--------------------------------------------------

ਬਠਿੰਡਾ ਵਿਚ ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਚਿਊਟ ਵਿਖੇ, **ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਲੋਂ** ਯੂਥ ਫੈਸਟੀਵਲ ਕਰਵਾਇਆ ਗਿਆ। ਇਸ ਮੌਕੇ ਪੰਜਾਬ ਦੇ ਖਾਣਾਂ

ਅਤੇ ਭੂ-ਵਿਗਿਆਨ, ਜਲ ਸਰੋਤ, ਭੂਮੀ ਸੰਭਾਲ ਤੇ ਜਲ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਦੇ ਨਾਲ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਤੇ ਜ਼ਿਲ੍ਹਾ ਪੁਲਿਸ ਮੁਖੀ ਅਮਨੀਤ ਕੌਂਡਲ ਵੀ ਮੌਜੂਦ ਸਨ। ਇਸ ਮੌਕੇ ਕੈਬਨਿਟ ਮੰਤਰੀ ਗੋਇਲ ਨੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੀ ਸਰਪ੍ਰਸਤੀ ਹੇਠ ਕਰਵਾਏ ਗਏ 9ਵਾਂ ਅੰਤਰ-ਜ਼ੋਨਲ ਯੁਵਕ ਮੇਲਾ ਕਰਵਾਉਣ ਦੀ ਸ਼ਲਾਘਾ ਕੀਤੀ। ਏਸ ਦੋ ਰੋਜ਼ਾ ਯੂਥ ਫੈਸਟੀਵਲ ਵਿਚ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਤਹਿਤ ਆਉਦੇ 25 ਮਾਨਤਾ ਪ੍ਰਾਪਤ ਕਾਲਜਾਂ ਦੇ ਕਰੀਬ 700 ਦੇ ਵਿਦਿਆਰਥੀਆਂ ਨੇ ਹਿਸਾ ਲਿਆ ਤੇ ਵਖ-ਵਖ ਕਲਾਵਾਂ ਦੇ ਜੌਹਰ ਦਿਖਾਏ।